Alberta

# **ਨਿਊਜ਼** ਰਿਲੀਜ਼

**ਨਿਊਜ਼** ਰਿਲੀਜ਼

# ਨਰਸ ਪ੍ਰੈਕਟੀਸ਼ਨਰ ਪ੍ਰਾਈਮਰੀ ਕੇਅਰ ਨੂੰ ਮਜ਼ਬੂਤ ਕਰਨ 'ਚ ਮਦਦ ਕਰਨਗੇ

25 ਅਪਰੈਲ 2024

---

## ਇਕ ਨਵਾਂ ਪ੍ਰੋਗਰਾਮ ਨਰਸ ਪ੍ਰੈਕਟੀਸ਼ਨਰਾਂ ਨੂੰ ਆਜ਼ਾਦਾਨਾਂ ਤੌਰ 'ਤੇ ਕੰਮ ਕਰਨ 'ਚ ਸਹਾਇਤਾ ਕਰੇਗਾ ਅਤੇ ਐਲਬਰਟਾ ਨਿਵਾਸੀਆਂ ਨੂੰ ਪ੍ਰਾਈਮਰੀ ਕੇਅਰ ਕਲਿਨਿਕਾਂ ਤੱਕ ਵਧੇਰੇ ਪਹੁੰਚ ਮੁਹੱਈਆ ਕਰੇਗਾ।

ਐਲਬਰਟਾ ਸਰਕਾਰ ਮੁਢਲੇ ਸਿਹਤ ਸੰਭਾਲ ਪ੍ਰਬੰਧ ਨੂੰ ਸਥਿਰ ਕਰਨ, ਮਜ਼ਬੂਤ ਕਰਨ ਅਤੇ ਸੁਧਾਰਨ ਲਈ ਪ੍ਰਤਿਬਧ ਹੈ। ਹਰੇਕ ਐਲਬਰਟਾ ਨਿਵਾਸੀ ਜਦੋਂ ਅਤੇ ਜਿੱਥੇ ਵੀ ਉਸਨੂੰ ਜ਼ਰੂਰਤ ਹੋਵੇ, ਮੁਢਲੀ ਸੰਭਾਲ ਤੱਕ ਪਹੁੰਚ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਇਸ ਨਿਸ਼ਾਨੇ ਦੀ ਪ੍ਰਾਪਤੀ ਵਾਸਤੇ ਸਰਕਾਰ ਨਰਸ ਪ੍ਰੈਕਟੀਸ਼ਨਰਾਂ ਵਾਸਤੇ ਮੌਕਿਆਂ 'ਚ ਵਿਸਥਾਰ ਲਿਆ ਰਹੀ ਹੈ।

ਨਰਸ ਪ੍ਰੈਕਟੀਸ਼ਨਰ ਪ੍ਰਾਈਮਰੀ ਹੈਲਥ ਕੇਅਰ ਪ੍ਰੋਗਰਾਮ ਰਾਹੀਂ ਨਰਸ ਪ੍ਰੈਕਟੀਸ਼ਨਰ ਫੈਮਿਲੀ ਡਾਕਟਰਾਂ ਨੂੰ, ਜਿਹੜੇ ਵਿਸਤ੍ਰਿਤ ਪ੍ਰਕਾਰ ਦਾ ਪ੍ਰਾਈਮਰੀ ਕੇਅਰ ਪ੍ਰਦਾਨ ਕਰਦੇ ਹਨ, ਦਿੱਤੇ ਜਾਂਦੇ ਮੁਆਵਜ਼ੇ ਦੇ ਤਕਰੀਬਨ 80 ਪ੍ਰਤਿਸ਼ਤ ਦੇ ਬਰਾਬਰ ਮੁਆਵਜ਼ਾ ਪ੍ਰਾਪਤ ਕਰਨਗੇ। ਮੁਆਵਜ਼ਾ ਪੈਨਲ ਸਾਈਜ਼ (ਮਰੀਜ਼ਾਂ ਦੀ ਗਿਣਤੀ ਜੋ ਇਕ ਨਰਸ ਪ੍ਰੈਕਟੀਸ਼ਨਰ ਵੇਖਦਾ ਹੈ) ਅਤੇ ਮਰੀਜ਼ਾਂ ਲਈ ਦਿੱਤੇ ਜਾਂਦੇ ਸਿਹਤ ਸੰਭਾਲ ਦੇ ਸਮੇਂ ਦੇ ਆਧਾਰ 'ਤੇ ਮਿਥਿਆ ਜਾਵੇਗਾ। ਇਹ ਪ੍ਰੋਗਰਾਮ ਨਰਸ ਪ੍ਰੈਕਟੀਸ਼ਨਰਾਂ ਨੂੰ ਵਿਸਤ੍ਰਿਤ ਸਿਹਤ ਸੰਭਾਲ ਦੀ ਆਜ਼ਾਦਾਨਾਂ ਤੌਰ 'ਤੇ ਪ੍ਰੈਕਟਿਸ ਕਰਨ ਅਤੇ ਆਪਣੀ ਖੁਦ ਦੀ ਪ੍ਰੈਕਟਿਸ ਚਲਾਉਣ ਜਾਂ ਮੌਜੂਦਾ ਪ੍ਰਾਈਮਰੀ ਕੇਅਰ ਕਲਨਿਕਾਂ 'ਚ ਆਜ਼ਾਦਾਨਾਂ ਪ੍ਰੈਕਟਿਸ ਕਰਨ ਦੇ ਯੋਗ ਬਣਾਵੇਗਾ।

15 ਮਿਲੀਅਨ ਡਾਲਰ ਦੇ ਪ੍ਰੋਗਰਾਮ ਰਾਹੀਂ ਮੁਆਵਜ਼ੇ ਵਾਸਤੇ ਯੋਗ ਬਣਨ ਲਈ ਨਰਸ ਪ੍ਰੈਕਟੀਸ਼ਨਰਾਂ ਨੂੰ ਜ਼ਰੂਰ ਕਈ ਪ੍ਰਕਾਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੀ ਲੋੜ ਹੋਵੇਗੀ, ਜਿਵੇਂ ਡਾਕਟਰੀ ਤੌਰ 'ਤੇ ਜ਼ਰੂਰੀ ਪ੍ਰਾਈਮਰੀ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧਤਾ, ਘੱਟੋ ਘੱਟ 900 ਮਰੀਜ਼ਾਂ ਦਾ ਪੈਨਲ ਸਾਈਜ਼ ਹੋਣਾ, ਵੀਕਐਂਡ, ਸ਼ਾਮਾਂ ਅਤੇ ਛੁੱਟੀਆਂ ਦੇ ਦਿਨਾਂ 'ਤੇ ਕੰਮ ਦੇ ਸਮਿਆਂ ਤੋਂ ਬਾਦ ਦੀ ਪਹੁੰਚ ਪ੍ਰਦਾਨ ਕਰਨਾਂ ਅਤੇ ਜਦੋਂ ਉਹ ਆਪਣਾ 900 ਮਰੀਜ਼ਾਂ ਦਾ ਪੈਨਲ ਸਾਈਜ਼ ਬਣਾ ਰਹੇ ਹੋਣ, ਉਸ ਸਮੇਂ ਦੌਰਾਨ ਵਾਕ-ਇੰਨ ਐਪੁਆਇੰਟਮੈਂਟਾਂ ਸਵੀਕਾਰ ਕਰਨਾਂ। 900 ਮਰੀਜ਼ਾਂ ਦਾ ਘੱਟੋ ਘੱਟ ਪੈਨਲ ਸਾਈਜ਼ ਬ੍ਰਿਟਿਸ਼ ਕੁਲੰਬੀਆ ਮਾਡਲ ਨਾਲ ਇਕਸਾਰ ਹੈ।

ਨਰਸ ਪ੍ਰੈਕਟੀਸ਼ਨਰ ਪ੍ਰੋਗਰਾਮ ਵਧੇਰੇ ਮਰੀਜ਼ ਆਪਣੇ ਨਾਲ ਜੋੜਨ 'ਤੇ ਪ੍ਰੋਤਸਾਹਨ ਦੇਣ ਅਨੁਸਾਰ ਬਣਾਇਆ ਗਿਆ ਹੈ, ਕਿਉਂਕਿ ਨਰਸ ਪ੍ਰੈਕਟੀਸ਼ਨਰਾਂ ਲਈ ਮੁਆਵਜ਼ਾ ਵਧਦਾ ਜਾਂਦਾ ਹੈ, ਜਿਵੇਂ ਜਿਵੇਂ ਉਨ੍ਹਾਂ ਦਾ ਪੈਨਲ ਸਾਈਜ਼ ਵਧਦਾ ਹੈ। ਇਹ, ਪੈਨਲ ਮੈਨੇਜਮੈਂਟ ਸੁਪੋਰਟ ਪ੍ਰੋਗਰਾਮ ਸਮੇਤ ਹੋਰ ਪ੍ਰੋਤਸਾਹਨਾਂ ਨਾਲ ਮਿਲ ਕੇ, 700,000 ਤੋਂ ਵਧੇਰੇ ਐਲਬਰਟਾ ਨਿਵਾਸੀਆਂ ਦੀ ਮਦਦ ਕਰਨ 'ਚ ਸਹਿਯੋਗੀ ਬਣੇਗਾ, ਜਿਹੜੇ ਮੌਜੂਦਾ ਸਮੇਂ ਕਿਸੇ ਵੀ ਪ੍ਰਾਈਮਰੀ ਹੈਲਥ ਕੇਅਰ ਪ੍ਰਦਾਨਕਰਤਾ ਨਾਲ ਨਹੀਂ ਜੁੜੇ ਹੋਏ।

ਕਲਿਨਿਕਾਂ, ਕਮਿਊਨਿਟੀਆਂ ਅਤੇ ਪ੍ਰਾਈਮਰੀ ਕੇਅਰ ਨੈੱਟਵਰਕ ਨਰਸ ਪ੍ਰੈਕਟੀਸ਼ਨਰਾਂ ਨਾਲ ਵੰਨ ਟਾਈਮ ਮੈਂਟਰਸ਼ਿੱਪ ਫੰਡਿੰਗ ਲਈ ਅਰਜ਼ੀ ਦੇਣ ਦੁਆਰਾ ਭਾਈਵਾਲ ਬਣ ਸਕਦੇ ਹਨ, ਜੋ ਨਰਸਾਂ ਅਜੇ ਹੁਣੇ ਪ੍ਰੈਕਟਿਸ ਵਿਚ ਦਾਖਲ ਹੋ ਰਹੇ/ਰਹੀਆਂ ਹਨ। ਹਰੇਕ ਮੈਂਟਰ/ਸਲਾਹਕਾਰ ਕਿਸੇ ਨਰਸ ਪ੍ਰੈਕਟੀਸ਼ਨਰ ਦੇ

Classification: Public

ਨਿਊਜ਼ ਰਿਲੀਜ਼

ਪਹਿਲੇ 18 ਮਹੀਨਿਆਂ ਦੌਰਾਨ ਆਜ਼ਾਦਾਨਾਂ ਪ੍ਰੈਕਟਿਸ ਵੱਲ ਸਫਲ ਢੰਗ ਨਾਲ ਤਬਦੀਲ ਹੋਣ ਨੂੰ ਯਕੀਨੀ ਬਣਾਉਣ ਲਈ 10,000 ਡਾਲਰ ਵਾਸਤੇ ਯੋਗ ਹੈ।

ਨਰਸ ਪ੍ਰੈਕਟੀਸ਼ਨਰ ਜੋ ਇਸ ਪ੍ਰੋਗਰਾਮ ਰਾਹੀਂ ਪ੍ਰੈਕਟਿਸ ਕਰਨ 'ਚ ਦਿਲਚਸਪੀ ਰੱਖਦੇ ਹਨ, ਹੁਣ ਐਲਬਰਟਾ ਹੈਲ਼ਥ ਵਿਭਾਗ ਨੂੰ ਦਿਲਚਸਪੀ ਜ਼ਾਹਰ ਕਰਦੀ ਅਰਜ਼ੀ ਦੇ ਸਕਦੇ ਹਨ। ਦਿਲਚਸਪੀ ਜ਼ਾਹਰ ਕਰਦੀ ਹਰੇਕ ਅਰਜ਼ੀ ਦਾ ਮੁਲਾਂਕਣ ਕੀਤਾ ਜਾਵੇਗਾ ਅਤੇ ਜਿਹੜੇ ਨਰਸ ਪ੍ਰੈਕਟੀਸ਼ਨਰ ਜ਼ਰੂਰਤਾਂ ਪੂਰੀਆਂ ਕਰਦੇ ਹੋਣਗੇ ਉਨ੍ਹਾਂ ਨੂੰ ਅਰਜ਼ੀ ਫਾਰਮ ਭੇਜੇ ਜਾਣਗੇ। ਅਗਲੇ ਤਿੰਨ ਸਾਲਾਂ ਦੌਰਾਨ 2 ਮਿਲੀਅਨ ਡਾਲਰ ਦੀ ਗਰਾਂਟ ਰਾਹੀਂ ਨਰਸ ਪ੍ਰੈਕਟੀਸ਼ਨਰ ਐਸੋਸੀਏਸ਼ਨ ਆਫ ਐਲਬਰਟਾ ਅਰਜ਼ੀ ਦੇਣ ਦੇ ਸਾਰੇ ਅਮਲ ਦੌਰਾਨ ਨਰਸ ਪ੍ਰੈਕਟੀਸ਼ਨਰ ਦੀ ਮਦਦ ਕਰੇਗੀ, ਨਰਸ ਪ੍ਰੈਕਟੀਸ਼ਨਰ ਨੂੰ ਪ੍ਰੋਗਰਾਮ 'ਚ ਭਾਗ ਲੈਣ ਲਈ ਭਰਤੀ ਕਰੇਗੀ ਅਤੇ ਉਨ੍ਹਾਂ ਦੀ ਸਹਾਇਤਾ ਕਰੇਗੀ, ਜਦੋਂ ਉਹ ਮੌਜੂਦਾ ਕਲਿਨਿਕ 'ਚ ਆਜ਼ਾਦਾਨਾਂ ਤੌਰ 'ਤੇ ਕੰਮ ਕਰਨ ਜਾਂ ਆਪਣੀ ਖੁਦ ਦੀ ਕਲਿਨਿਕ ਸਥਾਪਤ ਕਰਨ ਦੀ ਯੋਜਨਾਂ ਬਣਾਉਂਦੇ ਹੋਣਗੇ।

## ਫੌਰੀ ਤੱਥ

- ਨਰਸ ਪ੍ਰੈਕਟੀਸ਼ਨਰਾਂ ਨੇ ਗਰੈਜੂਏਟ ਪੜ੍ਹਾਈ ਕੀਤੀ ਹੈ ਅਤੇ ਕਾਲਜ ਆਫ ਰਜਿਸਟਰਡ ਨਰਸਜ਼ ਆਫ ਐਲਬਰਟਾ ਦੁਆਰਾ ਨਿਯਮਤ ਹਨ। ਹੋਰ ਨਿਯਮਤ ਪ੍ਰੋਫੈਸ਼ਨਲਾਂ ਵਾਂਗ, ਸਾਰੇ ਨਰਸ ਪ੍ਰੈਕਟੀਸ਼ਨਰਾਂ ਨੂੰ ਪ੍ਰੈਕਟਿਸ ਕਰਨ ਲਈ ਜ਼ਰੂਰੀ ਤੌਰ 'ਤੇ ਘੱਟੋ ਘੱਟ ਜ਼ਰੂਰਤਾਂ ਪੂਰੀਆਂ ਕਰਨੀਆਂ ਹੋਣਗੀਆਂ ਅਤੇ ਨਿਯਮਤ ਕਰਨ ਵਾਲੇ ਕਾਲਜ ਵੱਲੋਂ ਤੈਅ ਕੀਤੇ ਗਏ ਮਿਆਰ ਅਪਣਾਉਣੇ ਹੋਣਗੇ।
- ਮੁਆਵਜ਼ਾ ਕੰਮ ਕੀਤੇ ਗਏ ਆਂਸ਼ਿਕ ਘੰਟਿਆਂ ਵਾਸਤੇ ਪਰੋ-ਰੇਟ ਕੀਤਾ ਜਾਵੇਗਾ, ਜੇਕਰ ਇਹ 1,928 ਕਲਿਨੀਕਲ ਘੰਟਿਆਂ ਨਾਲੋਂ ਘੱਟ ਹੋਵੇਗਾ।
- ਸ਼ਮੂਲੀਅਤ ਕਰਨ ਵਾਲੇ ਨਰਸ ਪ੍ਰੈਕਟੀਸ਼ਨਰ ਰੂਰਲ, ਰਿਮੋਟ ਐਂਡ ਨਾਰਦਨ ਪ੍ਰੋਗਰਾਮ ਵਾਸਤੇ ਯੋਗ ਹਨ, ਜਿਹੜਾ ਪੇਂਡੂ ਖੇਤਰਾਂ 'ਚ ਕੰਮ ਕਰਨ ਵਾਸਤੇ ਇਕ ਪ੍ਰੋਤਸਾਹਨ ਵਜੋਂ ਫੰਡਿੰਗ ਪ੍ਰਦਾਨ ਕਰਦਾ ਹੈ।
- ਜਦੋਂ ਨਰਸ ਪ੍ਰੈਕਟੀਸ਼ਨਰ 900 ਮਰੀਜ਼ਾਂ ਦੇ ਪੈਨਲ ਸਾਈਜ਼ 'ਤੇ ਪਹੁੰਚ ਜਾਂਦੇ ਹਨ, ਤਾਂ ਪ੍ਰੋਤਸਾਹਨ ਦੀ ਇਕ ਵਾਰ ਦਿੱਤੀ ਜਾਣ ਵਾਲੀ ਅਦਾਇਗੀ 75 ਡਾਲਰ, ਹਰੇਕ ਨਵੇਂ ਮਰੀਜ਼ ਵਾਸਤੇ ਹੋਵੇਗੀ, ਜੋ ਉਦੋਂ ਤੱਕ ਮਿਲੇਗੀ ਜਦੋਂ ਤੱਕ ਮੌਜੂਦਾ ਵਿੱਤੀ ਵਰ੍ਹੇ ਲਈ ਪੈਨਲ ਵਾਧੇ ਦੇ ਪ੍ਰੋਤਸਾਹਨ ਵਜੋਂ ਅਲਾਟ ਕੀਤੀ 2 ਮਿਲੀਅਨ ਡਾਲਰ ਦੀ ਰਕਮ ਪੂਰੀ ਖਰਚ ਨਹੀਂ ਲਈ ਜਾਂਦੀ।
- ਪ੍ਰੋਗਰਾਮ ਵਿਚ ਘੱਟੋ ਘੱਟ ਤਿੰਨ ਤੋਂ ਪੰਜ ਤੱਕ ਸਥਾਨ ਉਨ੍ਹਾਂ ਨਰਸ ਪ੍ਰੈਕਟੀਸ਼ਨਰਾਂ ਲਈ ਵੱਖਰੇ ਰੱਖੇ ਜਾਣਗੇ ਜੋ ਫਸਟ ਨੇਸ਼ਨ ਰਿਜ਼ਰਵਾਂ ਜਾਂ ਮੈਟਿਸ ਸੈਟਲਮੈਂਟਾਂ 'ਤੇ ਕੰਮ ਕਰਨਗੇ। ਫਸਟ ਨੇਸ਼ਨ ਕਮਿਊਨਿਟੀਆਂ, ਇੰਡਿਜਨਸ ਕਲੀਨਿਕਾਂ ਅਤੇ ਹੋਰ ਇੰਡਿਜਨਸ ਸੰਸਥਾਵਾਂ ਕਿਸੇ ਨਰਸ ਪ੍ਰੈਕਟੀਸ਼ਨਰ ਨੂੰ ਸੰਯੁਕਤ ਅਰਜ਼ੀਆਂ ਦੇ ਸਕਦੇ ਹਨ ਜੋ ਉਨ੍ਹਾਂ ਨੂੰ ਆਪਣੇ ਪੈਨਲ ਸਾਈਜ਼ ਵਧਾਉਣ 'ਚ, ਪ੍ਰਸ਼ਾਸਕੀ ਖਰਚਿਆਂ 'ਚ ਅਤੇ ਇਕੱਠੀਆਂ ਕੀਤੀਆਂ ਸੇਵਾਵਾਂ ਪ੍ਰਦਾਨ ਕਰਨ 'ਚ ਮਦਦਗਾਰ ਹੋਣਗੇ।

## ਸਬੰਧਤ ਜਾਣਕਾਰੀ

- ਨਰਸ ਪ੍ਰੈਕਟੀਸ਼ਨਰ ਪ੍ਰਾਈਮਰੀ ਕੇਅਰ ਪ੍ਰੋਗਰਾਮ
- ਮੌਡਰਨਾਈਜ਼ਿੰਗ ਐਲਬਰਟਾ'ਜ਼ ਪ੍ਰਾਈਮਰੀ ਹੈਲਥ ਕੇਅਰ ਸਿਸਟਮ (MAPS)

## ਸਬੰਧਤ ਖਬਰਾਂ

- ਹੈਲਪਿੰਗ ਪ੍ਰਾਈਮਰੀ ਕੇਅਰ ਪ੍ਰੋਵਾਈਡਰਜ਼ ਸੁਪੋਰਟ ਪੇਸ਼ੈਂਟਸ (28 ਫਰਵਰੀ 2024)
- ਸਟਰੈਂਥਨਿੰਗ ਪ੍ਰਾਈਮਰੀ ਕੇਅਰ ਵਿਦ ਨਰਸ ਪ੍ਰੈਕਟੀਸ਼ਨਰਜ਼ (22 ਨਵੰਬਰ 2023)

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ